ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ।
(ਰਿਣ ਸਾਖਾ)

ਵੱਲ

1. ਪ੍ਰਬੰਧਕ ਨਿਰਦੇਸਕ,
ਹਾਊਸਫੈਡ,ਪੰਜਾਬ
ਸੈਕਟਰ 34 ਚੰਡੀਗੜ੍ਹ।
2. ਸਮੂਹ ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,ਖੇਤਰ ਵਿੱਚ ।
3. ਸਮੂਹ ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ,ਖੇਤਰ ਵਿੱਚ ।

ਮੀਮੋ ਨੰ:ਰਿਣ/ਸੀਏ 2/ 122
ਮਿਤੀ 28/3/12

ਵਿਸਾ ਯਕਮੁਸ਼ਤ ਸਮਝੋਤਾ ਸਕੀਮ -2011 (**One Time Settlement) 2011**

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਹਾਊਸਫੈਡ ਦੁਆਰਾ ਭੇਜੀਆਂ ਗਈਆਂ ਯਕਮੁਸ਼ਤ ਸਮਝੋਤਾ ਸਕੀਮਾਂ ਮੰਨਜੂਰ ਕੀਤੀਆਂ ਜਾਂਦੀਆਂ ਹਨ। ਇਨਾਂ ਨੂੰ ਲਾਗੂ ਕਰਨ ਲਈ ਇਨਾ ਦੀ ਕਾਪੀ ਇਸ ਪੱਤਰ ਦੇ ਨਾਲ ਨੱਥੀ ਕੀਤੀ ਜਾਂਦੀ ਹੈ। **One Time Settlment 2011** ਦੀ ਕਾਪੀ ਵਿਭਾਗ ਦੀ ਵੈਬ ਸਾਈਟ **www.punjabcooperation.gov.in** ਦੇ **down load section** ਵਿਚੋ **down load** ਕੀਤੀਆਂ ਜਾ ਸਕਦੀਆਂ ਹਨ ।

ਇਹ ਪੱਤਰ ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

ਨੱਥੀ-ਉਕਤ ਅਨੁਸਾਰ। ਵਧੀਕ ਰਜਿਸਟਰਾਰ (ਰਿਣ)

ਪਿੱਠ ਅੰਕਣ ਨੰ:ਰਸਸ/ਰਿਣ/ਸੀ.ਏ2/ 123 ਮਿਤੀ/28.3.12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਬੰਧਕ ਨਿਰਦੇਸਕ ਪਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਸਕੀਮ ਨੂੰ ਕਿਤਾਬਚੇ ਦੇ ਰੂਪ ਵਿੱਚ ਛਾਪ ਕੇ 50 ਕਾਪੀਆਂ ਇਸ ਦਫਤਰ ਨੂੰ ਭੇਜੀਆਂ ਜਾਣ ।
2. ਪੀ.ਏ ਟੂ ਰਜਿਸਟਰਾਰ,ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।

ਵਧੀਕ ਰਜਿਸਟਰਾਰ (ਰਿਣ)
28.3.12

ਪੰਜਾਬ ਰਾਜ ਫੈਡਰੇਸ਼ਨ ਆਫ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਲਿਮ:

(ਹਾਊਸਫੈੱਡ) ਚੰਡੀਗੜ੍ਹ।

## ਕਰਜਾ ਸਮਝੌਤਾ ਰਾਹਤ ਸਕੀਮ-2011

ਪੰਜਾਬ ਰਾਜ ਫੈਡਰੇਸ਼ਨ ਆਫ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਲਿਮ: (ਹਾਊਸਫੈੱਡ) ਵਲੋਂ ਰਾਜ ਦੀਆਂ ਮੁਢਲੀਆਂ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਰਾਹੀਂ ਦਿੱਤੇ ਗਏ ਮਕਾਨ ਉਸਾਰੀ ਕਰਜਿਆਂ ਦੀ ਵਸੂਲੀ ਨੂੰ ਵਧਾਉਣ ਲਈ ਅਤੇ ਨਾਦਹਿੰਦ ਮੈਂਬਰਾਂ ਨੂੰ ਲੋੜੀਂਦੀ ਰਾਹਤ ਦੇਣ ਲਈ ਅਤੇ ਜਿਹਨਾਂ ਮੈਂਬਰਾਂ ਦੀਆਂ ਜਮੀਨਾਂ/ਜਾਇਦਾਦਾਂ/ ਮਕਾਨਾਂ ਨੂੰ ਖੁਲੀ ਨਿਲਾਮੀ ਰਾਹੀਂ ਖੁਦ ਹਾਊਸਫੈੱਡ ਜਾਂ ਮੁਢਲੀਆਂ ਮਕਾਨ ਉਸਾਰੀ ਸਭਾਵਾਂ ਵਲੋਂ ਖਰੀਦਿਆ ਗਿਆ ਸੀ, ਉਹਨਾਂ ਮੈਂਬਰਾਂ ਨੂੰ ਉਹਨਾਂ ਦੀ ਜਮੀਨ ਵਾਪਿਸ ਕਰਨ ਅਤੇ ਦੰਡ ਵਿਆਜ਼ ਨਾਲ ਪ੍ਰਭਾਵਿਤ ਮੈਂਬਰਾਂ ਨੂੰ ਰਾਹਤ ਦੇਣ ਲਈ "ਕਰਜ਼ਾ ਸਮਝੌਤਾ ਰਾਹਤ ਸਕੀਮ-2011" ਬਾਰੇ ਪਾਲਿਸੀ।

1. <u>ਜਾਣ ਪਛਾਣ</u>

ਪੰਜਾਬ ਰਾਜ ਵਿਚ ਹਾਊਸਫੈੱਡ ਵਲੋਂ ਮੁਢਲੀਆਂ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਰਾਹੀਂ ਮੈਂਬਰਾਂ ਨੂੰ ਸ਼ਹਿਰਾਂ ਅਤੇ ਪਿੰਡਾਂ ਵਿਚ ਵੰਡੇ ਗਏ ਕਰਜਿਆਂ ਦੀ ਵਾਪਸੀ ਉਹਨਾਂ ਦੇ ਘਰੇਲੂ ਹਾਲਤ ਠੀਕ ਨਾ ਹੋਣ ਕਾਰਨ ਜਾਂ ਫਿਰ ਉਹਨਾਂ ਤੇ ਵਿੱਤੀ ਸੰਕਟ ਆਉਣ ਕਾਰਨ ਜਾਂ ਦੰਡ ਵਿਆਜ਼ ਨਾਲ ਪਏ ਪ੍ਰਭਾਵ ਕਾਰਨ ਉਹ ਆਪਣੇ ਕਰਜ਼ੇ ਦੀ ਵਾਪਸੀ ਸਮੇਂ ਸਿਰ ਨਹੀਂ ਕਰ ਸਕੇ ਜਿਸ ਕਾਰਨ ਉਹ ਆਪਣੀਆਂ ਸਭਾਵਾਂ/ਹਾਊਸਫੈੱਡ ਦੇ ਕਰਜ਼ਿਆਂ ਵਿਚ ਨਾਦਹਿੰਦ ਹੋ ਗਏ ਸਨ। ਨਾਦਹਿੰਦ ਮੈਂਬਰਾਂ ਨੂੰ ਨਾਦਹਿੰਦ ਰਕਮ ਜਮ੍ਹਾਂ ਕਰਵਾਉਣ ਲਈ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਢੁਕਵੇਂ ਮੌਕੇ ਦੇਣ

ਉਪਰੰਤ ਕਈ ਮੈਂਬਰਾਂ ਦੀਆਂ ਜਮੀਨਾਂ, ਜਾਇਦਾਦਾਂ/ਮਕਾਨ ਆਦਿ ਵੀ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ-1961 ਦੀ ਧਾਰਾ 63-ਬੀ ਮੁਤਾਬਿਕ ਕਾਰਵਾਈ ਕਰਕੇ ਸੇਲ ਅਫਸਰ ਵਲੋਂ ਉਹ ਪ੍ਰਾਪਰਟੀਆਂ ਹਾਊਸਫੈੱਡ/ਸਭਾਵਾਂ ਦੇ ਹੱਕ ਵਿਚ/ਨਾਮ ਤੇ ਖੁੱਲੀ ਬੋਲੀ ਰਾਹੀਂ ਸੇਲਾਂ ਤੋੜ ਦਿੱਤੀਆਂ ਗਈਆਂ ਸਨ ਤਾਂ ਜੋ ਇਹਨਾਂ ਕਰੋਨਿਕ ਨਾਦਹਿੰਦ ਮੈਂਬਰਾਂ ਤੋਂ ਮੁਕੰਮਲ ਰਕਮ ਜਮ੍ਹਾਂ ਕਰਵਾਉਣ ਦਾ ਦਬਾਅ ਵਧਾਇਆ ਜਾਵੇ ਅਤੇ ਸੰਸਥਾ/ਸਭਾਵਾਂ ਦੇ ਵਧ ਰਹੇ ਓਵਰਡਿਊ ਨੂੰ ਘਟਾਇਆ ਜਾ ਸਕੇ। ਇਸ ਕਾਰਵਾਈ ਕਰਕੇ ਲਗਭਗ 168 ਮੈਂਬਰਾਂ ਦੀਆਂ ਮੁਬ: 599.93 ਲੱਖ ਰੁਪਏ ਦੀਆਂ ਜਮੀਨਾਂ ਹਾਊਸਫੈੱਡ/ਸਭਾਵਾਂ ਦੇ ਨਾਮ ਤੇ ਸੇਲ ਕਰ ਦਿੱਤੀਆਂ ਗਈਆਂ ਸਨ। ਹੁਣ ਉਹਨਾਂ ਮੈਂਬਰਾਂ ਵਲੋਂ ਕੀਤੀਆਂ ਜਾ ਰਹੀਆਂ ਬੇਨਤੀਆਂ ਨੂੰ ਅਤੇ ਸਹਿਕਾਰਤਾ ਦੇ ਸਿਧਾਤਾਂ ਨੂੰ ਮੁੱਖ ਰੱਖਦੇ ਹੋਏ ਉਹਨਾਂ ਨਾਦਹਿੰਦ ਮੈਂਬਰਾਂ ਨੂੰ ਜਿਹਨਾਂ ਦੀਆਂ ਜਮੀਨਾਂ/ਜਾਇਦਾਦਾਂ/ਮਕਾਨ 31.3.2011 ਤੱਕ ਹਾਊਸਫੈੱਡ ਵਲੋਂ ਜਾਂ ਫਿਰ ਸਭਾਵਾਂ ਵਲੋਂ ਖਰੀਦੀਆਂ ਗਈਆਂ ਸਨ ਅਤੇ ਹੁਣ ਉਹਨਾਂ ਨਾਦਹਿੰਦ ਮੈਂਬਰਾਂ ਨੂੰ ਆਪਣਾ ਸਾਰਾ ਕਰਜ਼ਾ ਅਦਾ ਕਰਨ ਲਈ ਇਕ ਮੌਕਾ ਪ੍ਰਦਾਨ ਕਰਨ ਦੀ ਜਰੂਰਤ ਹੈ।

2. **ਸੰਖੇਪ ਸਿਰਲੇਖ, ਸੁਰੂਆਤ ਅਤੇ ਹੱਦ**

(ੳ) **ਇਸ ਸਕੀਮ ਨੂੰ ਮਕਾਨ ਉਸਾਰੀ ਕਰਜਿਆਂ ਦੀ ਵਾਪਿਸੀ ਲਈ ਕਰਜ਼ਾ ਸਮਝੌਤਾ ਰਾਹਤ ਸਕੀਮ-2011 ਕਿਹਾ ਜਾਵੇਗਾ।**

(ਅ) **ਇਸ ਸਕੀਮ ਨੂੰ ਹਾਊਸਫੈੱਡ ਵਲੋਂ ਰਾਜ ਵਿਚਲੀਆਂ ਸਾਰੀਆਂ ਸ਼ਹਿਰੀ ਅਤੇ ਪੇਂਡੂ ਮੁਢਲੀਆਂ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਰਾਹੀਂ ਨਾਦਹਿੰਦ ਮੈਂਬਰਾਂ ਤੇ ਲਾਗੂ ਕੀਤਾ ਜਾਵੇਗਾ ਪਰ ਇਸ ਸਕੀਮ ਅਧੀਨ ਫਲੱਡ ਕਰਜ਼ਾ ਸਕੀਮ ਅਧੀਨ ਲਏ ਕਰਜ਼ੇ ਸ਼ਾਮਿਲ ਨਹੀਂ ਹੋਣਗੇ।**

(ੲ) ਇਹ ਸਕੀਮ ਹਾਊਸਫੈਡ ਪੰਜਾਬ ਦੇ ਬੋਰਡ ਆਫ ਡਾਇਰੈਕਟਰਜ਼ ਜਾਂ ਫਿਰ ਪ੍ਰਸ਼ਾਸਕ ਹਾਊਸਫੈਡ ਵਲੋਂ ਦਿੱਤੀ ਪ੍ਰਵਾਨਗੀ ਅਤੇ ਬਾਅਦ ਵਿਚ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋਂ ਦਿੱਤੀ ਗਈ ਮੰਨਜ਼ੂਰੀ ਦੀ ਤਰੀਖ ਤੋਂ ਲਾਗੂ ਕੀਤੀ ਜਾਵੇਗੀ। ਇਸ ਸਕੀਮ ਅਧੀਨ ਯੋਗ ਮੈਂਬਰਾਂ ਤੋ ਅਰਜੀਆਂ 30.6.2012 ਤੱਕ ਪ੍ਰਾਪਤ ਕੀਤੀਆਂ ਜਾਣਗੀਆ ਅਤੇ ਇਸ ਉਕਤ ਮਿਤੀ ਤੋ ਬਾਅਦ ਪ੍ਰਾਪਤ ਹੋਈ ਕਿਸੇ ਵੀ ਅਰਜੀ ਨੂੰ ਵਿਚਾਰਿਆ ਨਹੀ ਜਾਵੇਗਾ।

(ਸ) ਇਹ ਸਕੀਮ 31.12.2012 ਤੱਕ ਲਾਗੂ ਰਹੇਗੀ।

3. <u>ਪਰਿਭਾਸ਼ਾਵਾਂ</u> :

ਇਸ ਸਕੀਮ ਵਿਚ ਜੇਕਰ ਪ੍ਰਸੰਗ ਹੋਰਵੇ ਨਾ ਲੋੜੇ

(ੳ) 'ਐਕਟ' ਤੋਂ ਭਾਵ ਪੰਜਾਬ ਸਹਿਕਾਰੀ ਸਭਾਵਾਂ ਐਕਟ-1961 ਜਿਵੇਂ ਸਮੇਂ-2 ਤੇ ਸੰਸੋਧਿਤ ਕੀਤਾ ਗਿਆ ਹੈ।

(ਅ) 'ਨਿਯਮ' ਤੋਂ ਭਾਵ ਪੰਜਾਬ ਸਹਿਕਾਰੀ ਸਭਾਵਾਂ ਨਿਯਮ-1963 ਹੈ।

(ੲ) 'ਉਪ-ਨਿਯਮ' ਤੋਂ ਭਾਵ ਹਾਊਸਫੈਡ/ਮੁਢਲੀਆਂ ਮਕਾਨ ਉਸਾਰੀ ਸਭਾਵਾਂ ਦੇ ਰਜਿਸਟਰਡ ਉਪ-ਨਿਯਮ ਹਨ।

(ਸ) 'ਸਰਕਾਰ' ਤੋਂ ਭਾਵ ਪੰਜਾਬ ਸਰਕਾਰ ਹੈ।

(ਹ) 'ਰਜਿਸਟਰਾਰ' ਤੋਂ ਭਾਵ ਐਕਟ ਦੇ ਤਹਿਤ ਨਿਯੁਕਤ ਵਿਅਕਤੀ ਜਿਸ ਨੂੰ ਰਜਿਸਟਰਾਰ, ਸਹਿਕਾਰੀ ਸਭਾਵਾਂ ਦੇ ਕੰਮ ਕਾਜ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

(ਕ) 'ਕਮੇਟੀ' ਤੋਂ ਭਾਵ ਇਸ ਸਕੀਮ ਅਧੀਨ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋਂ ਸਮਝੌਤੇ ਲਈ ਪ੍ਰਵਾਨਿਤ ਮੈਂਬਰ।